# ਉਨਟੇਰੀਓ ਦੀ ਘਰੇਲੂ ਊਰਜਾ (ਐਨਰਜੀ) ਦੀ ਜਾਂਚ ਲੀਕ ਹੁੰਦੀ ਊਰਜਾ ਦਾ ਪਤਾ ਲਾਵੇਗੀ ਅਤੇ ਇਸ ਦੀ ਰੋਕਥਾਮ ਕਰਨ ਦੇ ਢੰਗ ਦੱਸੇਗੀ।

ਜੇ ਤੁਹਾਡਾ ਘਰ 10 ਸਾਲਾਂ ਤੋਂ ਪੁਰਾਣਾ ਹੈ, ਤਾਂ ਇਸ ਵਿੱਚੋਂ ਊਰਜਾ (ਐਨਰਜੀ) ਦੇ ਲੀਕ ਹੋਣ ਦੇ ਮੌਕੇ ਹਨ। ਬਹੁਤ ਸਾਰੀ ਊਰਜਾ ਅਤੇ ਬਹੁਤ ਸਾਰੇ ਪੈਸੇ। ਘਰੇਲੂ ਊਰਜਾ ਦੀ ਜਾਂਚ ਤੁਹਾਡੇ ਘਰ ਵਿੱਚ ਵਰਤੀ ਜਾਂਦੀ ਊਰਜਾ ਦੀ ਜਾਂਚ ਕਰੇਗੀ – ਐਟਿਕ ਤੋਂ ਬੇਸਮੈਂਟ ਤੱਕ ਅਤੇ ਤੁਹਾਨੂੰ ਦੱਸੇਗੀ ਕਿ ਤੁਹਾਡੇ ਘਰ ਵਿੱਚੋਂ ਊਰਜਾ ਕਿੱਥੋਂ ਲੀਕ ਹੋ ਰਹੀ ਹੈ। ਇਹ ਤੁਹਾਨੂੰ ਦੱਸੇਗੀ ਕਿ ਆਪਣੀ ਊਰਜਾ ਦਾ ਬਿੱਲ ਘਟਾਉਣ ਲਈ ਤੁਸੀਂ ਕਿਹੜੇ ਸੁਧਾਰ ਕਰ ਸਕਦੇ ਹੋ। ਆਪਣੀ ਜਾਂਚ ਦੌਰਾਨ ਦੱਸੇ ਸੁਧਾਰ ਕਰੋ ਅਤੇ ਓਨਟੇਰੀਓ ਅਤੇ ਕੈਨੇਡਾ ਦੀਆਂ ਸਰਕਾਰਾਂ ਵਲੋਂ 10,000* ਡਾਲਰ ਤੱਕ ਮਿਲਦੀਆਂ ਕਟੌਤੀਆਂ ਦਾ ਫਾਇਦਾ ਉਠਾਉ। ਓਨਟੇਰੀਓ ਦੀ ਸਰਕਾਰ 150 ਡਾਲਰਾਂ ਤੱਕ ਤੁਹਾਡੇ ਘਰ ਦੀ ਕੀਤੀ ਜਾਣ ਵਾਲੀ ਜਾਂਚ ਦੇ ਖਰਚੇ ਦਾ 50 ਫੀਸਦੀ ਖਰਚਾ ਦੇਵੇਗੀ।

## ਘਰੇਲੂ ਊਰਜਾ (ਐਨਰਜੀ) ਦੀ ਜਾਂਚ ਕਰਵਾਉਣ ਲਈ

### ਕਦਮ 1 – ਜਾਂਚ ਕਰਨ ਵਾਲਾ ਲੱਭੋ ਅਤੇ ਆਪਣੀ ਘਰੇਲੂ ਊਰਜਾ ਦੀ ਜਾਂਚ ਬੁੱਕ ਕਰਵਾਉ।

ਕੈਨੇਡਾ ਸਰਕਾਰ ਵਲੋਂ ਤਸਦੀਕਸ਼ੁਦਾ (ਸਰਟੀਫਾਈਡ) ਘਰੇਲੂ ਊਰਜਾ ਦੀ ਜਾਂਚ ਕਰਨ ਵਾਲਾ ਲੱਭਣਾ ਸੌਖਾ ਹੈ। ਆਪਣੇ ਇਲਾਕੇ ਵਿੱਚ ਘਰੇਲੂ ਜਾਂਚ ਕਰਨ ਵਾਲੀਆਂ ਤਸਦੀਕਸ਼ੁਦਾ ਕੰਪਨੀਆਂ ਦੀ ਸੂਚੀ ਲੈਣ ਲਈ੍ਹਮਏਓਨਏਰਗੌਨਟਅਰਗੋ.ਚਅ ਉੱਤੇ ਜਾਉ, ਅਤੇ ਅੱਜ ਹੀ ਆਪਣੀ ਘਰੇਲੂ ਊਰਜਾ ਦੀ ਜਾਂਚ ਬੁੱਕ ਕਰਵਾਉ।

### ਕਦਮ 2 – ਤੁਹਾਡੀ ਘਰੇਲੂ ਊਰਜਾ ਦੀ ਜਾਂਚ ਕਰਨ ਵਾਲਾ ਤੁਹਾਡੇ ਘਰ ਵਿੱਚ ਊਰਜਾ ਦੇ ਲੀਕ ਹੋਣ ਵਾਲੀਆਂ ਥਾਂਵਾਂ ਲੱਭੇਗਾ

ਤੁਹਾਡੀ ਘਰੇਲੂ ਊਰਜਾ ਜਾਂਚ ਦੌਰਾਨ, ਜਾਂਚ ਕਰਨ ਵਾਲਾ ਤੁਹਾਡੇ ਘਰ ਵਿੱਚ ਊਰਜਾ ਦੇ ਲੀਕ ਹੋਣ ਵਾਲੀਆਂ ਥਾਂਵਾਂ ਲੱਭੇਗਾ ਅਤੇ ਤੁਹਾਨੂੰ ਦੱਸੇਗਾ ਕਿ ਉਹਨਾਂ ਦੀ ਰੋਕਥਾਮ ਲਈ ਤੁਸੀਂ ਕੀ ਕਰ ਸਕਦੇ ਹੋ। ਜਾਂਚ ਕਰਨ ਵਾਲਾ ਤੁਹਾਨੂੰ ਊਰਜਾ ਦੀ ਕਾਰਗਰ ਵਰਤੋਂ ਦੀ ਜਾਂਚ ਦੀ ਤੁਹਾਡੀ ਨਿੱਜੀ ਰਿਪੋਰਟ ਦੇਵੇਗਾ ਅਤੇ ਇਕ ਯੋਜਨਾ ਦੱਸੇਗਾ ਜਿਹੜੀ ਤੁਹਾਡੀ ਊਰਜਾ ਦੇ ਬਿੱਲ ਨੂੰ ਘਟਾ ਸਕੇਗੀ।

### ਕਦਮ 3 – ਊਰਜਾ (ਐਨਰਜੀ) ਬਚਾਉਣ ਵਾਲੇ ਸੁਧਾਰਾਂ ਨਾਲ ਲੀਕ ਹੁੰਦੀ ਊਰਜਾ ਦੀ ਰੋਕਥਾਮ ਕਰੋ

ਨਵੀਂ ਫਰਨੈੱਸ ਜਾਂ ਵਾਟਰ ਹੀਟਰ ਦੀ ਲੋੜ ਹੈ? ਤੁਹਾਡੀ ਖਿੜਕੀਆਂ ਅਤੇ ਦਰਵਾਜ਼ਿਆਂ ਦੇ ਸਿਰੇ ਮੇਲਣ (ਕਾਕਿੰਗ) ਦੀ ਲੋੜ ਹੈ? ਆਪਣੇ ਘਰ ਵਿੱਚ ਊਰਜਾ ਦੀ ਵਰਤੋਂ ਦੀ ਕਾਰਗਰਤਾ ਵਿੱਚ ਸੁਧਾਰ ਕਰਨ ਲਈ ਊਰਜਾ ਦੀ ਕਾਰਗਰ ਵਰਤੋਂ ਦੀ ਜਾਂਚ ਦੀ ਰਿਪੋਰਟ ਵਿੱਚ ਦੱਸੇ ਕੁਝ ਜਾਂ ਸਾਰੇ ਸੁਧਾਰ ਕਰੋ।

### ਕਦਮ 4 – ਜਦੋਂ ਤੁਹਾਡਾ ਕੰਮ ਖਤਮ ਹੋ ਜਾਵੇ, ਤਾਂ ਸੁਧਾਰ ਕਰਨ ਤੋਂ ਬਾਅਦ ਦੀ ਜਾਂਚ ਬੁੱਕ ਕਰੋ।

ਸਰਕਾਰੀ ਕਟੌਤੀਆਂ ਦੇ ਹੱਕਦਾਰ ਹੋਣ ਲਈ ਆਪਣੀ ਪਹਿਲੀ ਜਾਂਚ ਤੋਂ ਬਾਅਦ ਜਾਂਚ ਵਿੱਚ ਦੱਸੇ ਕੁਝ ਜਾਂ ਸਾਰੇ ਸੁਧਾਰਾਂ ਨੂੰ ਮੁਕੰਮਲ ਕਰਨ ਲਈ ਤੁਹਾਡੇ ਕੋਲ 18 ਮਹੀਨੇ ਹੁੰਦੇ ਹਨ। ਸੁਧਾਰ ਕਰਨ ਬਾਅਦ, ਸੁਧਾਰਾਂ ਤੋਂ ਬਾਅਦ ਦੀ ਜਾਂਚ ਬੁੱਕ ਕਰੋ। ਇਹ ਦੇਖਣ ਲਈ ਕਿ ਤੁਹਾਡੇ ਘਰ ਦੀ ਊਰਜਾ ਦੀ ਵਰਤੋਂ ਵਿੱਚ ਕਿੰਨਾ ਸੁਧਾਰ ਹੋਇਆ ਹੈ, ਜਾਂਚ ਕਰਨ ਵਾਲਾ ਇਕ ਹੋਰ ਜਾਂਚ ਕਰੇਗਾ।

### ਕਦਮ 5 – 10,000 ਡਾਲਰ ਤੱਕ ਸਰਕਾਰੀ ਕਟੌਤੀਆਂ ਪ੍ਰਾਪਤ ਕਰੋ

ਸੁਧਾਰਾਂ ਤੋਂ ਬਾਅਦ ਦੀ ਜਾਂਚ ਤੋਂ ਬਾਅਦ, ਓਨਟੇਰੀਓ ਅਤੇ ਕੈਨੇਡਾ ਦੀਆਂ ਸਰਕਾਰਾਂ ਤੁਹਾਡੇ ਸੁਧਾਰਾਂ ਲਈ 10,000 ਡਾਲਰ ਤੱਕ ਦੀਆਂ ਕਟੌਤੀਆਂ ਦੇਣਗੀਆਂ। ਊਰਜਾ ਨੂੰ ਬਚਾਉਣ ਦੇ ਤੁਸੀਂ ਜਿੰਨੇ ਜ਼ਿਆਦਾ ਸੁਧਾਰ ਕਰੋਗੇ, ਉਨੇ ਜ਼ਿਆਦਾ ਪੈਸੇ ਤੁਹਾਨੂੰ ਵਾਪਸ ਮਿਲਣਗੇ। ਤੁਸੀਂ ਪੈਸਿਆਂ ਦੀ ਬੱਚਤ ਕਰੋਗੇ ਅਤੇ ਆਪਣੇ ਘਰ ਦੇ ਆਰਾਮ ਅਤੇ ਕੀਮਤ ਵਿੱਚ ਵਾਧਾ ਕਰੋਗੇ।

## ਮਿਲਣ ਵਾਲੀਆਂ ਕਟੌਤੀਆਂ ਦੀਆਂ ਉਦਾਹਰਨਾਂ

| ਸੁਧਾਰ | ਮਿਲਣ ਵਾਲੀ ਰਕਮ |
|---|---|
| ਐਨਰਜੀ ਸਟਾਰ ਦੇ ਯੋਗ ਗੈਸ ਫਰਨੈੱਸ ਲਵਾਉ | 600 ਡਾਲਰ |
| ਆਪਣੇ ਐਟਿਕ ਨੂੰ ਇਨਸੂਲੇਟ ਕਰੋ | 1200 ਡਾਲਰ ਤੱਕ |
| ਆਪਣੀ ਕਰਾਲ ਸਪੇਸ ਨੂੰ ਇਨਸੂਲੇਟ ਕਰੋ | 1600 ਡਾਲਰ ਤੱਕ |
| ਘਰ ਵਿੱਚ ਗਰਮ ਪਾਣੀ ਦਾ ਸੋਲਰ ਸਿਸਟਮ ਲਵਾਉ | 1000 ਡਾਲਰ ਤੱਕ |

**HomeEnergyOntario.ca** ਉੱਤੇ ਕਟੌਤੀਆਂ ਦੀ ਪੂਰੀ ਸੂਚੀ ਦੇਖੋ।

ONTARIO HOME ENERGY AUDIT

Ontario

ਓਨਟੇਰੀਓ ਸਰਕਾਰ ਵਲੋਂ ਭੁਗਤਾਨ ਕੀਤਾ ਗਿਆ।

* ਓਨਟੇਰੀਓ ਅਤੇ ਕੈਨੇਡਾ ਦੀਆਂ ਸਰਕਾਰਾਂ ਦੇ ਈਕੋਐਨਰਜੀ ਪ੍ਰੋਗਰਾਮ ਅਧੀਨ ਮਿਲਣ ਵਾਲੀਆਂ ਗਰਾਂਟਾਂ ਦੀਆਂ ਵੱਧ ਤੋਂ ਵੱਧ ਕਟੌਤੀਆਂ ਦੇ ਬਰਾਬਰ